ਪੁਰਸ਼ਾਂ ਦਾ ਜਿਨਸੀ ਸ਼ੋਸ਼ਣ ਅਤੇ ਕਨੂੰਨ

ਕਨੂੰਨੀ ਦ੍ਰਿਸ਼ਟੀਕੋਣ ਤੋਂ, ਪੁਰਸ਼ਾਂ ਦੇ ਜਿਨਸੀ ਸ਼ੋਸ਼ਣ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ: ਬੱਚਿਆਂ ਦੇ ਖਿਲਾਫ ਸ਼ੋਸ਼ਣ ਅਤੇ ਬਾਲਗਾਂ ਖਿਲਾਫ ਸ਼ੋਸ਼ਣ

ਬੱਚਿਆਂ ਦੇ ਖਿਲਾਫ ਸ਼ੋਸ਼ਣ

ਬੱਚਿਆਂ (16 ਸਾਲ ਦੀ ਉਮਰ ਤੱਕ) ਦੇ ਖਿਲਾਫ ਸ਼ੋਸ਼ਣ ਨੂੰ ਆਮ ਤੌਰ 'ਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ (Child Sexual Abuse - CSA) ਕਿਹਾ ਜਾਂਦਾ ਹੈ ਅਤੇ ਇਹ ਉਸ ਸਮੇਂ ਵਾਪਰਦਾ ਹੈ ਜਦ ਕੋਈ ਬਾਲਗ ਜਾਂ ਕੋਈ ਵਡੇਰੀ ਉਮਰ ਦਾ ਅੱਲ੍ਹੜ ਮੁੰਡਾ/ਕੁੜੀ ਕਿਸੇ ਬੱਚੇ ਜਾਂ ਮੁਕਾਬਲਤਨ ਛੋਟੀ ਉਮਰ ਦੇ ਅੱਲ੍ਹੜ ਮੁੰਡੇ/ਕੁੜੀ ਨੂੰ ਜਿਨਸੀ ਤ੍ਰਿਪਤੀ ਵਾਸਤੇ ਵਰਤਦਾ ਹੈ।

CSA ਕਈ ਰੂਪ ਧਾਰਨ ਕਰ ਸਕਦਾ ਹੈ ਜਿਸ ਵਿੱਚ ਕਿਸੇ ਬੱਚੇ ਨੂੰ ਜਿਨਸੀ ਸਰਗਰਮੀਆਂ ਵਿੱਚ ਸੰਮਿਲਤ ਹੋਣ ਲਈ ਕਹਿਣਾ ਜਾਂ ਦਬਾਅ ਪਾਉਣਾ (ਚਾਹੇ ਸਿੱਟਾ ਜੋ ਵੀ ਹੋਵੇ), ਕਿਸੇ ਬੱਚੇ ਨੂੰ ਜਣਨ ਅੰਗ ਦਿਖਾਉਣਾ, ਕਿਸੇ ਬੱਚੇ ਸਾਹਮਣੇ ਅਸ਼ਲੀਲ ਸਾਹਿਤ ਪੇਸ਼ ਕਰਨਾ, ਕਿਸੇ ਬੱਚੇ ਨਾਲ ਅਸਲ ਵਿੱਚ ਜਿਨਸੀ ਸੰਪਰਕ, ਕਿਸੇ ਬੱਚੇ ਦੇ ਜਣਨ ਅੰਗਾਂ ਨਾਲ ਸਰੀਰਕ ਸੰਪਰਕ, ਬਿਨਾਂ ਸਰੀਰਕ ਸੰਪਰਕ ਦੇ ਕਿਸੇ ਬੱਚੇ ਦੇ ਜਣਨ ਅੰਗਾਂ ਨੂੰ ਦੇਖਣਾ, ਜਾਂ ਅਸ਼ਲੀਲ ਸਾਹਿਤ ਦਾ ਨਿਰਮਾਣ ਕਰਨ ਲਈ ਕਿਸੇ ਬੱਚੇ ਦੀ ਵਰਤੋਂ ਕਰਨਾ ਸ਼ਾਮਲ ਹੈ।

ਬਾਲਗਾਂ ਦੇ ਖਿਲਾਫ ਸ਼ੋਸ਼ਣ

ਬਾਲਗਾਂ ਦੇ ਖਿਲਾਫ ਸ਼ੋਸ਼ਣ ਨਿਮਨਲਿਖਤ ਵਿਸ਼ਾਲ ਸ਼੍ਰੇਣੀਆਂ ਵਿੱਚ ਆਉਂਦਾ ਹੈ:

- **ਬਲਾਤਕਾਰ**
  ਜਿਨਸੀ ਅਪਰਾਧਾਂ ਵਾਸਤੇ ਕਨੂੰਨ 2003 (Sexual Offences Act 2003) ਦੇ ਤਹਿਤ, ਕਿਸੇ ਵੀ ਪੁਰਸ਼ ਵਾਸਤੇ ਆਪਣੇ ਲਿੰਗ ਨੂੰ ਕਿਸੇ ਵੀ ਔਰਤ ਜਾਂ ਮਰਦ ਦੀ ਯੋਨੀ, ਗੁਦਾ ਜਾਂ ਮੂੰਹ ਵਿੱਚ ਉਸਦੀ ਸਹਿਮਤੀ ਦੇ ਬਿਨਾਂ ਪਾਉਣਾ ਇੱਕ ਅਪਰਾਧ ਹੈ। ਪੁਰਸ਼ਾਂ ਦੇ ਬਲਾਤਕਾਰ ਨੂੰ ਕਨੂੰਨ ਵਿੱਚ 1994 ਵਿੱਚ ਪਛਾਣਿਆ ਗਿਆ ਪਰ 2003 ਦੇ ਵਿਧਾਨ ਨੇ ਬਲਾਤਕਾਰ ਦੇ ਪੀੜਤਾਂ ਨੂੰ ਲਿੰਗ ਨਿਰਪੱਖ ਬਣਾ ਦਿੱਤਾ ਹੈ।
- **ਲਿੰਗ ਦਾਖਲ ਕਰਨ ਦੁਆਰਾ ਹਮਲਾ**
  ਇਹ ਤਾਂ ਵਾਪਰਦਾ ਹੈ ਜੇਕਰ ਕੋਈ ਪੁਰਸ਼ ਜਾਂ ਔਰਤ ਕਿਸੇ ਹੋਰ ਵਿਅਕਤੀ ਦੀ ਸਹਿਮਤੀ ਦੇ ਬਿਨਾਂ ਉਸਦੀ ਯੋਨੀ ਜਾਂ ਗੁਦਾ ਵਿੱਚ ਪ੍ਰਵੇਸ਼ ਕਰਦਾ ਹੈ। ਅਪਰਾਧ ਉਸ ਸਮੇਂ ਕੀਤਾ ਜਾਂਦਾ ਹੈ ਜਦ ਪ੍ਰਵੇਸ਼ ਜਿਨਸੀ ਇਰਾਦੇ ਨਾਲ ਸਰੀਰ ਦੇ ਕਿਸੇ ਅੰਗ ਦੁਆਰਾ (ਉਦਾਹਰਨ ਲਈ, ਕੋਈ ਉਂਗਲ) ਜਾਂ ਕਿਸੇ ਹੋਰ ਚੀਜ਼ ਦੁਆਰਾ (ਉਦਾਹਰਨ ਲਈ, ਕੋਈ ਵਸਤੂ) ਕੀਤਾ ਜਾਂਦਾ ਹੈ।
- **ਜਿਨਸੀ ਹਮਲਾ**
  ਜਿੱਥੇ ਕੋਈ ਪੁਰਸ਼ ਜਾਂ ਔਰਤ ਇਰਾਦਤਨ ਕਿਸੇ ਹੋਰ ਵਿਅਕਤੀ ਨੂੰ ਜਿਨਸੀ ਤਰੀਕੇ ਨਾਲ ਉਸਦੀ ਸਹਿਮਤੀ ਤੋਂ ਬਿਨਾਂ ਛੂੰਹਦਾ ਹੈ।

'ਸਹਿਮਤੀ' ਦਾ ਮਤਲਬ ਕੀ ਹੈ?

ਸਰਲ ਮਦਾਂ ਵਿੱਚ, ਇਹ ਆਗਿਆ (ਜਾਂ ਸਮਝੌਤੇ) ਬਾਬਤ ਹੈ। ਇਹ ਇੱਕ ਅਜਿਹੀ ਚੀਜ਼ ਹੈ ਜੋ ਲਾਜ਼ਮੀ ਤੌਰ 'ਤੇ ਕਿਸੇ ਵੀ ਜਿਨਸੀ ਕਿਰਿਆ ਜਾਂ ਵਿਵਹਾਰ ਤੋਂ ਪਹਿਲਾਂ ਦੋ ਲੋਕਾਂ ਵਿਚਕਾਰ ਸਪੱਸ਼ਟ ਰੂਪ ਵਿੱਚ ਸਥਾਪਤ ਹੋਣੀ ਚਾਹੀਦੀ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ।

ਉਹ ਸੇਵਾਵਾਂ ਜਿੰਨ੍ਹਾਂ 'ਤੇ ਤੁਸੀਂ ਵਿਚਾਰ ਕਰਨਾ ਚਾਹ ਸਕਦੇ ਹੋ

ਜੇ ਤੁਸੀਂ ਪੁਰਸ਼ ਜਿਨਸੀ ਸ਼ੋਸ਼ਣ ਦੁਆਰਾ ਪ੍ਰਭਾਵਿਤ ਹੋਏ ਹੋ, ਚਾਹੇ ਬਚ ਜਾਣ ਵਾਲੇ ਤੁਸੀਂ ਹੋਵੋ ਜਾਂ ਕੋਈ ਦੋਸਤ ਜਾਂ ਕੋਈ ਪਿਆਰਾ, ਅਤੇ ਤੁਸੀਂ ਕਿਸੇ ਵਿਅਕਤੀ ਨਾਲ ਗੱਲ ਕਰਨੀ ਚਾਹੁੰਦੇ ਹੋ ਤਾਂ ਪਹਿਲੇ ਕਦਮ ਵਜੋਂ ਤੁਸੀਂ ਲਿਖਤ (SMS) ਚੈਟ (Text (SMS) Chat) ਜਾਂ ਵੈੱਬ ਚੈਟ (Web Chat) ਨੂੰ ਅਜਮਾ ਸਕਦੇ ਹੋ।

ਜੇਕਰ ਪੁਰਸ਼ ਜਿਨਸੀ ਸ਼ੋਸ਼ਣ ਦੇ ਸਿੱਟੇ ਦੇ ਬਾਅਦ ਤੁਸੀਂ ਕਨੂੰਨੀ ਕਾਰਵਾਈ ਦੀ ਸੰਭਾਵਨਾ ਬਾਰੇ ਵਧੇਰੇ ਜਾਣਨਾ ਪਸੰਦ ਕਰੋਂਗੇ, ਤਾਂ ਤੁਸੀਂ ISVAs ਬਾਰੇ ਵਧੇਰੇ ਜਾਣਨਾ ਚਾਹ ਸਕਦੇ ਹੋ।